# ਉਤਪਾਦ ਨਹੀਂ, ਪ੍ਰਕ੍ਰਿਆ

ਜਦੋਂ ਤੁਸੀਂ ਬੱਚਿਆਂ ਨਾਲ ਆਰਟ ਅਤੇ ਕਰਾਫ਼ਟ ਵਾਲੇ ਕੰਮ ਕਰਦੇ ਹੋ ਤਾਂ, ਪ੍ਰਕ੍ਰਿਆ - ਕੰਮ ਕਿਵੇਂ ਹੁੰਦਾ ਹੈ - ਅਕਸਰ ਇਸ ਗੱਲ ਨਾਲੋਂ ਜ਼ਿਆਦਾ ਮਹੱਤਵ ਪੂਰਨ ਹੁੰਦਾ ਹੈ ਕਿ ਉਤਪਾਦ - ਅੰਤਲਾ ਨਤੀਜਾ ਕੀ ਹੈ।

**ਸੰਭਾਵਨਾਵਾਂ ਦੀ ਭਾਲ (Exploring possibilities)**

ਸ਼ਿਸ਼ੂਆਂ ਅਤੇ ਛੋਟੇ ਪ੍ਰੀ-ਸਕੂਲ ਵਾਲੇ ਬੱਚਿਆਂ ਲਈ ਪ੍ਰਕ੍ਰਿਆ ਵਿਸ਼ੇਸ਼ ਤੌਰ ਤੇ ਮਹੱਤਵ ਪੂਰਨ ਹੈ ਕਿਉਂਕਿ ਉਹ ਆਪਣੇ ਆਲੇ ਦੁਆਲੇ ਦੀ ਦੁਨੀਆਂ ਦੀ ਛਾਣ-ਬੀਣ ਅਜੇ ਸ਼ੁਰੂ ਹੀ ਕਰ ਰਹੇ ਹਨ। ਅਜੇ ਉਨ੍ਹਾਂ ਨੇ ਇਸ ਬਾਰੇ ਬਹੁਤ ਕੁਝ ਸਿੱਖਣਾ ਹੈ ਕਿ ਉਂਗਲੀਆਂ ਨਾਲ ਕਰਨ ਵਾਲੇ ਪੇਂਟ ਦੀ ਛੋਹ ਕਿਹੋ ਜਿਹੀ ਹੁੰਦੀ ਹੈ, ਕਿਸ ਤਰ੍ਹਾਂ ਇਸ ਨੂੰ ਕਾਗ਼ਜ਼ ਉੱਪਰ ਛਾਪਿਆ ਜਾ ਸਕਦਾ ਹੈ ਅਤੇ ਰੰਗਾਂ ਨੂੰ ਕਿਵੇਂ ਘੋਲਿਆ ਜਾ ਸਕਦਾ ਹੈ। ਇਹ ਬਿਲਕੁਲ ਵੀ ਮਹੱਤਵਪੂਰਨ ਨਹੀਂ ਹੈ ਕਿ ਉਨ੍ਹਾਂ ਦੀ ਪੇਟਿੰਗ"ਖੂਬਸੂਰਤ" ਹੋਵੇ। ਹੋ ਸਕਦਾ ਹੈ ਕਿ ਉਨ੍ਹਾਂ ਦਾ ਪਹਿਲਾ ਉਪਰਾਲਾ ਸਾਰੇ ਰੰਗਾਂ ਦਾ ਗਹਿਰੇ ਭੂਰੇ ਰੰਗ ਦਾ ਮਿਸ਼ਰਣ ਹੋਵੇ ਅਤੇ ਇਹ ਠੀਕ ਹੈ। ਉਨ੍ਹਾਂ ਨੇ ਰੰਗਾਂ ਅਤੇ ਉਨ੍ਹਾਂ ਦੀ ਬਣਤਰ ਬਾਰੇ ਕਾਫ਼ੀ ਭੇਦ ਜਾਣ ਲਏ ਹਨ।

**ਹੱਲ ਲੱਭਣੇ (Discovering solutions)**

ਜਦੋਂ ਤੁਸੀਂ ਬੱਚਿਆਂ ਦੀ ਆਰਟ ਅਤੇ ਕਰਾਫ਼ਟ ਵਾਲੇ ਕੰਮ ਦੇ ਉਤਪਾਦ ਤੋਂ ਜ਼ਿਆਦਾ ਉਸਦੀ ਪ੍ਰਕ੍ਰਿਆ ਬਾਰੇ ਸੋਚੋਂਗੇ, ਤਾਂ ਤੁਸੀਂ ਬੱਚਿਆਂ ਨੂੰ ਹੋਰ ਨਵੀਂ ਸਮੱਗਰੀ ਨਾਲ ਕੋਸ਼ਿਸ਼ ਕਰਨ ਲਈ ਉਤਸਾਹਿਤ ਕਰੋਗੇ। ਤੁਸੀਂ ਚਾਹੁੰਦੇ ਹੋ ਕਿ ਉਹ ਪੇਂਟ ਨੂੰ ਪੇਪਰ ਉਤੇ ਪਾਉਣ ਦੇ ਵੱਖ ਵੱਖ ਤਰੀਕਿਆਂ ਦੀ ਖੋਜ ਕਰਨ, ਕਿਵੇਂ ਵੱਖ ਵੱਖ ਬਣਾਵਟ ਵਾਲੀਆਂ ਚੀਜ਼ਾਂ ਨੂੰ ਇਕੱਠੇ ਜੋੜਿਆ ਜਾ ਸਕਦਾ ਹੈ, ਅਤੇ ਉਦੋਂ ਕੀ ਹੁੰਦਾ ਹੈ ਜਦੋਂ ਤੁਸੀਂ ਅੰਡਿਆਂ ਵਾਲੇ ਡੱਬੇ ਨਾਲ ਪੁੱਲ ਬਣਾਉਣ ਦੀ ਕੋਸ਼ਿਸ਼ ਕਰਦੇ ਹੋ। ਜਦੋਂ ਬੱਚੇ ਅਜਿਹਾ ਕਰਦੇ ਹਨ, ਤਾਂ ਉਨ੍ਹਾਂ ਵਿਚ ਮੁਸ਼ਕਿਲਾਂ ਨੂੰ ਸੁਲਝਾਉਣ ਦੀ ਨਿਪੁੰਨਤਾ ਵਧਦੀ ਹੈ। ਉਨ੍ਹਾਂ ਨੂੰ ਆਪਣੇ ਤਰੀਕੇ ਨਾਲ ਕੰਮ ਕਰਨ ਦਿਉ, ਬੇਸ਼ਕ ਨਤੀਜਾ ਕਿਹੋ ਜਿਹਾ ਹੋਵੇ।ਇਹ ਜ਼ਰੂਰੀ ਤਾਂ ਨਹੀਂ ਕਿ ਉਨ੍ਹਾਂ ਦੁਆਰਾ ਬਣਾਈ ਗਈ ਹਰੇਕ ਚੀਜ਼ ਨੂੰ ਨੁਮਾਇਸ਼ ਵਜੋਂ ਫ਼ਰਿਜ ਦੇ ਦਰਵਾਜ਼ੇ ਉਪਰ ਲਗਾਇਆ ਜਾਵੇ!

**ਨਮੂਨੇ ਦੀ ਨਕਲ ਕਰਨਾ (Following a model)**

ਦੂਜੇ ਪਾਸੇ, ਹੋ ਸਕਦਾ ਹੈ ਕਿ ਤੁਸੀਂ ਕਿਸੇ ਕਰਾਫ਼ਟ ਨੂੰ ਵਿਸ਼ੇਸ਼ ਤਿਆਰ ਉਤਪਾਦ ਵਰਗਾ ਬਣਾਉਣ ਲਈ ਜ਼ੋਰ ਦੇਣ ਦਾ ਫ਼ੈਸਲਾ ਕਰੋਂ। ਕਿਸੇ ਨਮੂਨੇ ਦੀ ਨਕਲ ਕਰਨਾ ਆਪਣੀ ਕਲਪਨਾ ਨਾਲ ਸਿਰਜਣ ਤੋਂ ਵੱਖਰੀ ਸਕਿੱਲ (ਨਿਪੁੰਨਤਾ) ਹੈ। ਇਕ ਵਾਰੀ ਜਦੋਂ ਉਨ੍ਹਾਂ ਨੂੰ ਪਤਾ ਲੱਗ ਜਾਂਦਾ ਹੈ ਕਿ ਸਮੱਗਰੀ ਅਤੇ ਔਜ਼ਾਰ ਕਿਵੇਂ ਕੰਮ ਕਰਦੇ ਹਨ ਤਾਂ ਹੋ ਸਕਦਾ ਹੈ ਵੱਡੇ ਬੱਚੇ ਇਸ ਉਦਾਹਰਣ ਤੋਂ ਕੁੱਝ ਸਿੱਖਣ। ਹੋ ਸਕਦਾ ਹੈ ਕਿ ਉਹ ਇਸ ਚਣੌਤੀ ਦਾ ਅਨੰਦ ਮਾਨਣ, ਹਾਲਾਂ ਕਿ ਵਿਅਕਤੀਗਤ ਸਿਰਜਨਾਤਮਕਤਾ ਨੂੰ ਹਮੇਸ਼ਾਂ ਧਿਆਨ ਵਿਚ ਰੱਖਣਾ ਚਾਹੀਦਾ ਹੈ।

**ਸਮੱਗਰੀ ਨਾਲ ਖੇਡਣਾ (Playing with materials)**

ਪਹਿਲੀ ਛਾਣ-ਬੀਣ ਦੀ ਉਮਰ ਤੋਂ ਬਾਅਦ ਵੀ, ਬੱਚਿਆਂ ਨੂੰ ਇਸ ਗੱਲ ਦੀ ਪਰਵਾਹ ਕੀਤੇ ਬਿਨਾਂ ਕਿ ਉਨ੍ਹਾਂ ਦਾ ਉਤਪਾਦ "ਸੁੰਦਰ" ਜਾਂ "ਵਧੀਆ" ਹੋਵੇਗਾ ਕਿ ਨਹੀਂ, ਪ੍ਰਕ੍ਰਿਆ ਦਾ ਅਨੰਦ ਮਾਨਣ ਲਈ ਮੌਕੇ ਚਾਹੀਦੇ ਹੁੰਦੇ ਹਨ। ਇਸ ਦਬਾਅ ਦੀ ਅਣਹੋਂਦ ਵਿਚ, ਵੱਡੇ ਬੱਚੇ (ਇਥੋਂ ਤੱਕ ਕਿ ਬਾਲਗ਼ ਵੀ) ਸਮੱਗਰੀ ਨਾਲ ਖੇਡਣ ਦਾ ਅਨੰਦ ਮਾਣ ਸਕਦੇ ਹਨ ਅਤੇ ਨਵੇਂ ਨਤੀਜਿਆਂ ਦੀ ਖੋਜ ਕਰ ਸਕਦੇ ਹਨ। ਜਦੋਂ ਤੁਸੀਂ ਆਰਟ ਦਾ ਅਨੁਭਵ ਕਰਨਾ ਚਾਹੁੰਦੇ ਹੋ, ਤਾਂ ਯਾਦ ਰੱਖੋ ਕਿ ਉਤਪਾਦ ਦੇ ਟੀਚੇ ਅਤੇ ਪ੍ਰਕ੍ਰਿਆ ਦੇ ਸੁਭਾਵਿਕ ਤਰੀਕੇ ਨਾਲ ਚੱਲਣ ਵਿਚ ਸੰਤੁਲਨ ਹੋਣਾ ਚਾਹੀਦਾ ਹੈ।

**ਕਰਾਫ਼ਟ ਲਈ ਬੁਨਿਆਦੀ ਚੀਜ਼ਾਂ (Basic Craft Supplies)**

ਇਥੇ ਬੱਚਿਆਂ ਲਈ ਆਪਣੇ ਆਪ ਨੂੰ ਆਰਟ ਅਤੇ ਕਰਾਫ਼ਟ ਦੁਆਰਾ ਅਭਿਵਿਅਕਤੀ ਕਰਨ ਲਈ ਕੁੱਝ ਬੁਨਿਆਦੀ ਚੀਜ਼ਾਂ ਦਸੀਆਂ ਗਈਆਂ ਹਨ।

- ਬੱਚਿਆਂ ਲਈ ਸੁਰੱਖਿਅਤ ਕੈਂਚੀਆਂ
- ਗਲੂ ਸਟਿਕਾਂ, ਸਫ਼ੇਦ ਗਲੂ ਜਾਂ ਪੇਸਟ
- ਵੱਡੇ ਜਾਂ ਆਮ-ਨਾਪ ਦੇ ਕਰੇਆਨ (ਰੰਗ) (ਧੁਲ ਜਾਣ ਵਾਲੇ)
- ਮਾਰਕਰ, ਵੱਖ ਵੱਖ ਟਿੱਪਾਂ ਵਾਲੇ (ਧੁਲ ਜਾਣ ਵਾਲੇ)
- ਰੰਗਦਾਰ ਪੈਂਸਲਾਂ, ਚਾਕ
- ਪੇਂਟ ਅਤੇ ਪੇਂਟ ਬੁਰਸ਼
- ਕੰਨਸਟਰਕਸ਼ਨ ਪੇਪਰ, ਅਖ਼ਬਾਰ, ਰੱਦੀ ਪੇਪਰ
- ਪਾਪਸਿਕਲ ਸਟਿਕਾਂ
- ਵਾਧੂ ਉੱਨ ਅਤੇ ਧਾਗੇ
- ਖ਼ਾਲੀ ਡੱਬੇ, ਦੁੱਧ ਅਤੇ ਅੰਡਿਆਂ ਦੇ ਡੱਬੇ, ਟਾਇਲਟ ਪੇਪਰ ਦੇ ਰੋਲ
- ਲਪੇਟਣ ਵਾਲੇ ਵਾਧੂ ਪੇਪਰ, ਰਿਬਨ
- ਪੁਰਾਣੀਆਂ ਪੁਸਤਕ ਸੂਚੀਆਂ, ਰਸਾਲੇ, ਗਰੀਟਿੰਗ ਕਾਰਡ

**ਬੁਰਸ਼ਾਂ ਤੋਂ ਹੱਟ ਕੇ ਪੇਂਟਿੰਗ (Painting beyond brushes)**

ਸਿਰਜਨਾਤਮਕ ਅਤੇ ਦਿਲਚਸਪ ਤਰੀਕੇ ਨਾਲ ਪੇਂਟ ਕਰਨ ਲਈ ਕਿਸੇ ਵੀ ਚੀਜ਼ ਨੂੰ ਪੇਂਟ ਕਰਨ ਦਾ ਜ਼ਰੀਆ ਬਣਾਇਆ ਜਾ ਸਕਦਾ ਹੈ। ਆਪਣੀ ਕਲਪਨਾ ਨੂੰ ਉਡਾਰੀ ਮਾਰਨ ਦਿਉ।

- ਬੁਰਸ਼ (ਛੋਟੇ ਬੁਰਸ਼, ਦੰਦ ਸਾਫ਼ ਕਰਨ ਵਾਲੇ ਬੁਰਸ਼, ਪੁਰਾਣੇ ਪੇਂਟ ਵਾਲੇ ਬੁਰਸ਼ ਆਦਿ)
- ਵੱਡੇ ਪੇਂਟ ਰੋਲਰ (ਇਨ੍ਹਾਂ ਨੂੰ ਝਾੜੂ ਦੇ ਪੁਰਾਣੇ ਹੈਂਡਲ ਨਾਲ ਬੰਨ੍ਹ ਦਿਉ ਅਤੇ ਬੱਚੇ ਸਾਈਡ ਵਾਕ ਤੇ ਰੋਲਰ ਪੇਂਟ ਕਰ ਸਕਦੇ ਹਨ)
- ਉਂਗਲੀਆਂ ਅਤੇ ਪੈਰਾਂ ਦੀਆਂ ਉਂਗਲੀਆਂ
- ਸਪੰਜ, ਕਿਉ-ਟਿਪਸ (ਕੰਨ ਸਾਫ ਕਰਣ ਵਾਲੇ), ਅੱਖਾਂ ਦੇ ਡਰਾਪਰ
- ਦਬਾਉਣ ਵਾਲੀਆਂ ਅਤੇ ਸਪਰੇਅ ਵਾਲੀਆਂ ਬੋਤਲਾਂ
- ਕੁੱਕੀ ਕਟਰ, ਖਿਡੌਣਿਆਂ ਵਾਲੇ ਜਾਨਵਰ (ਇਨ੍ਹਾਂ ਨਾਲ ਪ੍ਰਿੰਟ ਕਰੋ)
- ਲਕੜੀ ਦੇ ਬਲਾਕਸ (ਇਨ੍ਹਾਂ ਉਪਰ ਚੀਜ਼ਾਂ ਚਿਪਕਾ ਕੇ ਇਨ੍ਹਾਂ ਨੂੰ ਵੱਖ ਵੱਖ ਬਣਤਰ ਦਿਉ)
- ਰਸੋਈ ਦੇ ਬਰਤਨ (ਆਲੂ ਫ਼ੇਹਣ ਵਾਲੇ ਯੰਤਰ ਨਾਲ ਦਿਲਚਸਪ ਡਿਜ਼ਾਈਨ ਬਣਦੇ ਹਨ)
- ਮਾਰਬਲਜ਼ ਜਾਂ ਬੰਟੇ (ਇਕ ਡੱਬੇ ਵਿਚ ਕਾਗਜ਼ ਵਿਛਾ ਕੇ ਬੰਟਿਆਂ ਨੂੰ ਉਸ ਵਿਚ ਘੁੰਮਾਓ)
- ਸਟਰਾਅ (ਕਾਗਜ਼ ਉਤੇ ਪੇਂਟ ਪਾ ਕੇ ਸਟਰਾਅ ਨਾਲ ਫੂਕ ਮਾਰ ਕੇ ਫ਼ੈਲਾਓ)
- ਖਿਡੌਣਿਆਂ ਵਾਲੀਆਂ ਕਾਰਾਂ (ਇਨ੍ਹਾਂ ਨੂੰ ਪੇਂਟ ਵਿਚ ਘੁੰਮਾਓ ਅਤੇ ਫ਼ੇਰ ਕਾਗਜ਼ ਤੇ ਘੁੰਮਾਓ)
- ਪਾਈਨ (ਚੀੜ੍ਹ) ਦੇ ਦਰਖ਼ਤ ਦੀਆਂ ਟਾਹਣੀਆਂ
- ਕਾਰਪੇਟ ਦੇ ਟੁਕੜੇ, ਇਕ ਮਿਟਨ ਜਿਸ ਦੀ ਜੋੜੀ ਗੁੰਮ ਹੋ ਗਈ ਹੋਵੇ (ਇਨ੍ਹਾਂ ਨਾਲ ਪ੍ਰਿੰਟ ਕਰੋ)
- ਟਾਇਲਟ ਪੇਪਰ ਦੇ ਰੋਲ (ਕਾਗਜ਼ ਚੜ੍ਹਾਓ; ਰੱਸੀ ਬੰਨ੍ਹੋ ਜਾਂ ਹੋਰ ਵੱਖ ਵੱਖ ਬਣਤਰ ਦੀਆਂ ਚੀਜ਼ਾਂ ਚੜ੍ਹਾਓ)
- ਬੁਲਬੁਲਿਆਂ ਦੁਆਰਾ ਪੇਂਟਿੰਗ (ਪੇਂਟ ਵਿਚ ਬੁਲਬੁਲਿਆਂ ਵਾਲਾ ਤਰਲ ਪਾਓ ਅਤੇ ਫੂਕ ਮਾਰਕੇ ਕਾਗਜ਼ ਉਪਰ ਬੁਲਬੁਲਿਆਂ ਵਾਲਾ ਪੇਂਟ ਕਰੋ)
- ਰੱਸੀ, ਉੱਨ
- ਬਰਫ਼ ਦੀਆਂ ਟੁਕੜੀਆਂ (ਬਾਜ਼ਾਰੂ ਦਹੀਂ ਦੇ ਡੱਬੇ ਵਿਚ ਪੇਂਟ ਨੂੰ ਬਹੁਤ ਸਾਰੇ ਪਾਣੀ ਵਿਚ ਪਾ ਕੇ, ਹੈਂਡਲ ਲਈ ਇਕ ਪੋਪਸਿਕਲ ਸਟਿਕ ਲਗਾ ਕੇ ਜਮਾ ਦਿਓ)
- ਪਿਆਜ਼ਾਂ ਦੇ ਜਾਲੀਦਾਰ ਥੈਲੇ (ਇਨ੍ਹਾਂ ਨੂੰ ਰੂੰ ਦੇ ਗੋਲਿਆਂ ਨਾਲ ਭਰੋ ਅਤੇ ਕੱਸ ਕੇ ਬੰਨ੍ਹ ਦਿਓ,ਇਨ੍ਹਾਂ ਨਾਲ ਪ੍ਰਿੰਟ ਕਰੋ)

ਦੁਆਰਾ ਬੈਟਸੀ ਮਾਨ
ਮਦਦਗਾਰ ਬਾਰਬ ਸਟੀਵਨਸਨ, ਹੋਮ ਚਾਈਲਡ ਕੇਅਰ ਪ੍ਰੋਵਾਈਡਰ, ਓਟਵਾ

# Le processus, pas le produit

Quand vous faites des activités d'art et de bricolage avec les enfants, le **processus** — le déroulement de l'activité — est souvent beaucoup plus important que le **produit** — son résultat final.

## Explorer des possibilités

Il convient d'adopter cette perspective en particulier vis-à-vis des enfants en bas âge, au moment de leur vie quand ils commencent à explorer le monde qui les entoure. À ce stade de leur développement, ils ont intérêt à apprendre la sensation de la peinture à doigts sur les mains, les différentes manières de l'appliquer sur le papier, les façons de mélanger les couleurs. Il n'est pas du tout important que leur tableau soit « beau ». Leurs premiers essais peuvent finir en mélange brunâtre de toutes les couleurs et c'est bien. Ils auront fait de grandes découvertes au sujet des couleurs et des textures.

## Découvrir des solutions

Lorsque vous mettez l'accent sur le processus plutôt que sur le produit, vous encouragez les enfants à essayer librement de nouveaux matériaux de bricolage. Vous voulez qu'ils *découvrent* différentes façons de mettre de la peinture sur du papier, de faire coller ensemble différentes textures, de bâtir un pont avec des cartons à oeufs. Ce sont autant d'occasions de s'exercer leurs aptitudes de résolution des problèmes. Encouragez-les à faire les choses à leur manière, même si ça ne réussit pas toujours. Vous n'êtes pas obligé d'afficher tout ce qu'ils font sur la porte du frigo!

## Suivre un modèle

Par contre, à d'autres moments, vous déciderez de mettre l'accent sur la fabrication d'un bricolage qui ressemble à un produit fini spécifique. Savoir copier un modèle est une habileté très différente de savoir créer à partir de son imagination. Les enfants plus âgés seront peut-être prêts à suivre un exemple, après qu'ils auront appris le mode d'emploi des matériaux et des outils. Il est fort possible qu'ils apprécient le défi, mais il faut encore laisser la place à la créativité personnelle.

## Jouer avec des matériaux

N'oubliez jamais le plaisir du processus. Même les enfants plus âgés (et les adultes!) s'amusent à jouer avec des matériaux, à découvrir de nouveaux effets sans s'inquiéter de produire une grande oeuvre d'art. Quand vous planifiez des expériences artistiques, gardez à l'esprit l'objectif d'un équilibre entre la production d'un résultat prévu et la liberté d'expression selon l'inspiration du moment.

## Fournitures de base pour le bricolage

Voici quelques fournitures de base qui inspireront les enfants à s'exprimer par le biais des bricolages :

- ciseaux à bouts ronds;
- bâtons de colle, colle blanche ou colle « maison »;
- crayons de cire lavables, de grande et de petite taille;
- marqueurs lavables, aux embouts de diverses formes;
- crayons à dessin de couleur, craie;
- peinture et des pinceaux;
- papier de bricolage, papier journal, papier rebut;
- bâtons de popsicle;
- retailles de tissu, bouts de laine;
- boîtes vides, cartons à lait, cartons à oeufs, tubes de papier de toilette;
- retailles de papier d'emballage, rubans;
- vieux catalogues, vieilles revues, vieilles cartes à souhaits.

## La peinture au delà des pinceaux

Les objets qui peuvent servir à la peinture se retrouvent partout. Voici une liste qui nourrira votre imagination :

- petites brosses, brosses à dents, vieux pinceaux de peinture, marqueurs séchés;
- grands rouleaux de peinture (On les met sur un manche à balai et les enfants peinturent le trottoir);
- doigts et orteils;
- éponges, coton tiges, compte-gouttes;
- emporte-pièce, animaux jouets, échantillons de tapis (pour faire des impressions);
- blocs en bois, bouts de bois (y coller des choses pour créer diverses textures);
- ustensiles de cuisine (les pilons à patates font des dessins intéressants);
- billes (les faire rouler dans une boîte doublée de papier);
- pailles (souffler la peinture sur le papier);
- autos jouets (les rouler dans la peinture et sur le papier);
- tubes de papier à toilette (rouler sur le papier; y coller de la ficelle ou d'autres textures);
- bulles (ajouter du liquide pour bulles à la peinture et souffler pour imprimer les bulles sur le papier);
- ficelle, laine, branches de pin;
- glaçons (mélanger de la peinture avec beaucoup d'eau dans de petits contenants, ajouter un bâton de bois comme poignée, congeler);
- bouteilles à vaporiser, bouteilles à désodorisant (enlever la bille d'une bouteille et la remplir de peinture diluée. Remettre la bille et rouler la peinture sur le papier);
- sacs à oignons (remplir de boules d'ouate et attacher, pour faire des impressions);
- mitaines dépareillées (pour faire des impressions).

*par Betsy Mann*
*avec l'aide de Barb Stevenson, éducatrice en services de garde, Ottawa*